ਮਿੱਠੇ ਬੱਚੇ:- ਜਦੋਂ ਤੁਸੀਂ ਨੰਬਰਵਾਰ ਸਤੋਪ੍ਰਧਾਨ ਬਣੋਗੇ ਉਦੋਂ ਇਹ ਨੈਚੁਰਲ ਕਲੈਮਟੀਜ਼ ਅਤੇ ਵਿਨਾਸ਼ ਦਾ ਫ਼ੋਰਸ ਵੱਧੇਗਾ ਅਤੇ ਇਹ ਪੁਰਾਣੀ ਦੁਨੀਆਂ ਖਤਮ ਹੋਏਗੀ "

ਪ੍ਰਸ਼ਨ:- ਕਿਹੜਾ ਪੁਰਸ਼ਾਰਥ ਕਰਨ ਵਾਲਿਆਂ ਨੂੰ ਬਾਪ ਦਾ ਪੂਰਾ ਵਰਸਾ ਪ੍ਰਾਪਤ ਹੁੰਦਾ ਹੈ?

ਉੱਤਰ:- ਪੂਰਾ ਵਰਸਾ ਲੈਣਾ ਹੈ ਤਾਂ ਪਹਿਲਾਂ ਬਾਪ ਨੂੰ ਆਪਣਾ ਵਾਰਿਸ ਬਣਾਓ ਮਤਲਬ ਜੋ ਕੁੱਝ ਤੁਹਾਡੇ ਕੋਲ਼ ਹੈ, ਉਹ ਸਭ ਬਾਪ ਤੇ ਬਲਿਹਾਰ ਕਰੋ। ਬਾਪ ਨੂੰ ਆਪਣਾ ਬੱਚਾ ਬਣਾ ਲਵੋ ਤਾਂ ਪੂਰੇ ਵਰਸੇ ਦੇ ਅਧਿਕਾਰੀ ਬਣ ਜਾਓਗੇ। 2. ਸੰਪੂਰਨ ਪਵਿੱਤਰ ਬਣੋ ਤਾਂ ਪੂਰਾ ਵਰਸਾ ਮਿਲੇਗਾ। ਸੰਪੂਰਨ ਨਹੀਂ ਤਾਂ ਮੋਚਰਾ ਖਾਕੇ ਥੋੜੀ ਜਿਹੀ ਮਾਨੀ (ਰੋਟੀ) ਮਿਲ ਜਾਏਗੀ।

ਓਮ ਸ਼ਾਂਤੀ। ਬੱਚਿਆਂ ਨੂੰ ਸਿਰਫ਼ ਇੱਕ ਦੀ ਹੀ ਯਾਦ ਵਿੱਚ ਨਹੀਂ ਬੈਠਣਾ ਹੈ। ਤਿੰਨ ਦੀ ਯਾਦ ਵਿੱਚ ਬੈਠਣਾ ਹੈ। ਭਾਵੇਂ ਇੱਕ ਹੀ ਹੈ ਪਰ ਤੁਸੀਂ ਜਾਣਦੇ ਹੋ ਉਹ ਬਾਪ ਵੀ ਹੈ, ਟੀਚਰ ਵੀ ਹੈ, ਸਤਿਗੁਰੂ ਵੀ ਹੈ। ਸਾਨੂੰ ਸਭ ਨੂੰ ਵਾਪਿਸ ਲੈ ਜਾਣ ਆਏ ਹਨ, ਇਹ ਨਵੀਂ ਗੱਲ ਤੁਸੀਂ ਹੀ ਸਮਝਦੇ ਹੋ। ਬੱਚੇ ਜਾਣਦੇ ਹਨ ਉਹ ਜੋ ਭਗਤੀ ਸਿਖਾਉਂਦੇ ਹਨ, ਸ਼ਾਸਤ੍ਰ ਸੁਣਾਉਂਦੇ ਹਨ, ਉਹ ਸਭ ਹਨ ਮਨੁੱਖ। ਇਨ੍ਹਾਂ ਨੂੰ ਤਾਂ ਮਨੁੱਖ ਨਹੀਂ ਕਹਾਂਗੇ ਨਾ। ਇਹ ਤਾਂ ਹੈ ਨਿਰਾਕਾਰ, ਨਿਰਾਕਾਰ ਆਤਮਾਵਾਂ ਨੂੰ ਬੈਠ ਪੜ੍ਹਾਉਂਦੇ ਹਨ। ਆਤਮਾ ਸ਼ਰੀਰ ਦੁਵਾਰਾ ਸੁਣਦੀ ਹੈ। ਇਹ ਗਿਆਨ ਬੁੱਧੀ ਵਿੱਚ ਹੋਣਾ ਚਹੀਦਾ ਹੈ। ਹੁਣ ਤੁਸੀਂ ਬੇਹੱਦ ਦੇ ਬਾਪ ਦੀ ਯਾਦ ਵਿੱਚ ਬੈਠਦੇ ਹੋ। ਬੇਹੱਦ ਦੇ ਬਾਪ ਨੇ ਕਿਹਾ ਹੈ - ਰੂਹਾਨੀ ਬੱਚਿਓ, ਮੈਨੂੰ ਯਾਦ ਕਰੋ ਤਾਂ ਪਾਪ ਕੱਟ ਜਾਣਗੇ। ਇੱਥੇ ਸ਼ਾਸਤ੍ਰ ਆਦਿ ਦੀ ਕੋਈ ਗੱਲ ਨਹੀਂ। ਜਾਣਦੇ ਹੋ ਬਾਪ ਸਾਨੂੰ ਰਾਜਯੋਗ ਸਿੱਖਾ ਰਹੇ ਹਨ। ਕਿੰਨਾ ਭਾਰੀ ਟੀਚਰ ਹੈ, ਉੱਚ ਤੋਂ ਉੱਚ, ਤੇ ਪੱਦ ਵੀ ਉੱਚ ਤੋਂ ਉੱਚ ਪ੍ਰਾਪਤ ਕਰਾਉਂਦੇ ਹਨ। ਜਦੋਂ ਤੁਸੀਂ ਸੱਤੋਪ੍ਰਧਾਨ ਬਣ ਜਾਓਗੇ ਨੰਬਰਵਾਰ ਪੁਰਸ਼ਾਰਥ ਅਨੁਸਾਰ ਉਦੋਂ ਫੇਰ ਲੜ੍ਹਾਈ ਹੋਏਗੀ। ਨੈਚੁਰਲ ਕਲੈਮਟੀਜ਼ ਵੀ ਹੋਣਗੀਆਂ। ਯਾਦ ਵੀ ਜ਼ਰੂਰ ਕਰਨਾ ਹੈ। ਬੁੱਧੀ ਵਿੱਚ ਸਾਰਾ ਗਿਆਨ ਵੀ ਹੋਣਾ ਚਹੀਦਾ। ਸਿਰਫ਼ ਇੱਕ ਹੀ ਵਾਰ ਪੁਰਸ਼ੋਤਮ ਸੰਗਮਯੁਗ ਤੇ ਬਾਪ ਆਕੇ ਸਮਝਾਉਂਦੇ ਹਨ, ਨਵੀਂ ਦੁਨੀਆਂ ਦੇ ਲਈ। ਛੋਟੇ ਬੱਚੇ ਵੀ ਬਾਪ ਨੂੰ ਯਾਦ ਕਰਦੇ ਹਨ। ਤੁਸੀਂ ਤਾਂ ਸਮਝਦਾਰ ਹੋ, ਜਾਣਦੇ ਹੋ ਬਾਪ ਨੂੰ ਯਾਦ ਕਰਨ ਨਾਲ ਵਿਕਰਮ ਵਿਨਾਸ਼ ਹੋਣਗੇ ਅਤੇ ਬਾਪ ਤੋਂ ਉੱਚ ਪੱਦ ਪਾਵਾਂਗੇ। ਇਹ ਵੀ ਜਾਣਦੇ ਹੋ ਇਨ੍ਹਾਂ ਲਕਸ਼ਮੀ - ਨਾਰਾਇਣ ਨੇ ਨਵੀਂ ਦੁਨੀਆਂ ਵਿੱਚ ਜੋ ਪੱਦ ਪਾਇਆ ਹੈ ਉਹ ਸ਼ਿਵਬਾਬਾ ਤੋਂ ਹੀ ਲਿਆ ਹੈ। ਇਹ ਲਕਸ਼ਮੀ - ਨਾਰਾਇਣ ਹੀ ਫੇਰ 84 ਦਾ ਚੱਕਰ ਲਾਕੇ ਹੁਣ ਬ੍ਰਹਮਾ - ਸਰਸ੍ਵਤੀ ਬਣੇ ਹਨ। ਇਹ ਹੀ ਫੇਰ ਲਕਸ਼ਮੀ - ਨਾਰਾਇਣ ਬਣਨਗੇ। ਹੁਣ ਪੁਰਸ਼ਾਰਥ ਕਰ ਰਹੇ ਹਨ। ਸ੍ਰਿਸ਼ਟੀ ਦੇ ਆਦਿ, ਮੱਧ, ਅੰਤ ਦਾ ਤੁਹਾਨੂੰ ਗਿਆਨ ਹੈ। ਹੁਣ ਤੁਸੀਂ ਅੰਧਸ਼ਰਦਾ ਨਾਲ ਦੇਵਤਾਵਾਂ ਦੇ ਅੱਗੇ ਮੱਥਾ ਨਹੀਂ ਝੁਕਾਵੋਗੇ। ਦੇਵਤਾਵਾਂ ਦੇ ਅੱਗੇ ਮਨੁੱਖ ਜਾਕੇ ਆਪਣੇ ਨੂੰ ਪਤਿਤ ਸਿੱਧ ਕਰਦੇ ਹਨ। ਕਹਿੰਦੇ ਹਨ ਤੁਸੀਂ ਸ੍ਵਗੁਣ ਸੰਪੰਨ ਹੋ, ਅਸੀਂ ਪਾਪੀ ਵਿਕਾਰੀ ਹਾਂ, ਕੋਈ ਗੁਣ ਨਹੀਂ ਹੈ। ਤੁਸੀਂ ਜਿਸਦੀ ਮਹਿਮਾ ਗਾਉਂਦੇ ਸੀ, ਹੁਣ ਤੁਸੀਂ ਸਵੈ ਬਣ ਰਹੇ ਹੋ। ਕਹਿੰਦੇ ਹੋ - ਬਾਬਾ, ਇਹ ਸ਼ਾਸਤ੍ਰ ਆਦਿ ਕਦੋਂ ਤੋਂ ਪੜ੍ਹਨਾ ਸ਼ੁਰੂ ਹੋਇਆ ਹੈ? ਬਾਪ ਕਹਿੰਦੇ ਹਨ ਜਦੋਂ ਤੋਂ ਰਾਵਣ ਰਾਜ ਸ਼ੁਰੂ ਹੋਇਆ ਹੈ। ਇਹ ਸਭ ਹੈ ਭਗਤੀ ਮਾਰ੍ਗ ਦੀ ਸਮਗ੍ਰੀ। ਤੁਸੀਂ ਜਦੋਂ ਇੱਥੇ ਬੈਠਦੇ ਹੋ ਤਾਂ ਬੁੱਧੀ ਵਿੱਚ ਸਾਰਾ ਗਿਆਨ ਧਾਰਨ ਹੋਣਾ ਚਾਹੀਦਾ ਹੈ। ਇਹ ਸੰਸਕਾਰ ਆਤਮਾ ਲੈ ਜਾਂਦੀ ਹੈ। ਭਗਤੀ ਦੇ ਸੰਸਕਾਰ ਨਹੀਂ ਜਾਣੇ ਹਨ। ਭਗਤੀ ਦੇ ਸੰਸਕਾਰ ਵਾਲੇ ਪੁਰਾਣੀ ਦੁਨੀਆਂ ਵਿੱਚ ਮਨੁੱਖਾ ਦੇ ਕੋਲ਼ ਹੀ ਜਨਮ ਲੈਣਗੇ। ਇਹ ਵੀ ਜ਼ਰੂਰੀ ਹੈ। ਤੁਹਾਡੀ ਬੁੱਧੀ ਵਿੱਚ ਇਹ ਗਿਆਨ ਦਾ ਚੱਕਰ ਚੱਲਣਾ ਚਾਹੀਦਾ ਹੈ। ਨਾਲ - ਨਾਲ ਬਾਬਾ ਨੂੰ ਵੀ ਯਾਦ ਕਰਨਾ ਹੈ। ਬਾਬਾ ਸਾਡਾ ਬਾਪ ਵੀ ਹੈ। ਬਾਪ ਨੂੰ ਯਾਦ ਕਿੱਤਾ ਤਾਂ ਵਿਕਰਮ ਵੀ ਵਿਨਾਸ਼ ਹੋਣਗੇ। ਬਾਬਾ ਸਾਡਾ ਟੀਚਰ ਵੀ ਹੈ ਤਾਂ ਪੜ੍ਹਾਈ ਬੁੱਧੀ ਵਿੱਚ ਆਏਗੀ ਅਤੇ ਸ੍ਰਿਸ਼ਟੀ ਚੱਕਰ ਦਾ ਗਿਆਨ ਬੁੱਧੀ ਵਿੱਚ ਹੈ, ਜਿਸ ਨਾਲ ਤੁਸੀਂ ਚੱਕਰਵਰਤੀ ਰਾਜਾ ਬਣੋਗੇ। (ਯਾਦ ਦੀ ਯਾਤਰਾ ਚੱਲ ਰਹੀ ਹੈ)

ਓਮ ਸ਼ਾਂਤੀ। ਭਗਤੀ ਅਤੇ ਗਿਆਨ। ਬਾਪ ਨੂੰ ਕਿਹਾ ਜਾਂਦਾ ਹੈ ਗਿਆਨ ਦਾ ਸਾਗਰ। ਉਨ੍ਹਾਂ ਨੂੰ ਭਗਤੀ ਦਾ ਸਾਰਾ ਪਤਾ ਹੈ - ਭਗਤੀ ਕਦੋਂ ਸ਼ੁਰੂ ਹੋਈ, ਕਦੋਂ ਪੂਰੀ ਹੋਏਗੀ। ਮਨੁੱਖਾਂ ਨੂੰ ਇਹ ਪਤਾ ਨਹੀਂ। ਬਾਪ ਹੀ ਆਕੇ ਸਮਝਾਉਂਦੇ ਹਨ। ਸਤਿਯੁਗ ਵਿੱਚ ਤੁਸੀਂ ਦੇਵੀ - ਦੇਵਤਾ ਵਿਸ਼ਵ ਦੇ ਮਾਲਿਕ ਸੀ। ਉੱਥੇ ਭਗਤੀ ਦਾ ਨਾਮ ਨਹੀਂ। ਇੱਕ ਵੀ ਮੰਦਿਰ ਨਹੀਂ ਸੀ। ਸਭ ਦੇਵੀ - ਦੇਵਤਾ ਹੀ ਸਨ। ਪਿੱਛੋਂ ਜਦੋਂ ਅੱਧੀ ਦੁਨੀਆਂ ਪੁਰਾਣੀ ਹੁੰਦੀ ਹੈ ਮਤਲੱਬ 2500 ਵਰ੍ਹੇ ਪੂਰੇ ਹੁੰਦੇ ਹੈ ਅਰਥਾਤ ਤ੍ਰੇਤਾ ਅਤੇ ਦਵਾਪਰ ਦਾ ਸੰਗਮ ਹੁੰਦਾ ਹੈ ਉਦੋਂ ਰਾਵਣ ਆਉਂਦਾ ਹੈ। ਸੰਗਮ ਤਾਂ ਜ਼ਰੂਰ ਚਾਹੀਦਾ ਹੈ। ਤ੍ਰੇਤਾ ਅਤੇ ਦਵਾਪਰ ਦੇ ਸੰਗਮ ਤੇ ਰਾਵਣ ਆਉਂਦੇ ਹਨ ਜੱਦ ਕਿ ਦੇਵੀ - ਦੇਵਤਾ ਵਾਮ ਮਾਰ੍ਗ ਵਿੱਚ ਡਿੱਗਦੇ ਹਨ। ਇਹ ਸਿਵਾਏ ਤੁਹਾਡੇ ਕੋਈ ਨਹੀਂ ਜਾਣਦੇ। ਬਾਪ ਵੀ ਆਉਂਦੇ ਹਨ ਕਲਯੁੱਗ ਅੰਤ ਅਤੇ ਸਤਿਯੁਗ ਆਦਿ ਦੇ ਸੰਗਮ ਤੇ ਅਤੇ ਰਾਵਣ ਆਉਂਦਾ ਹੈ ਤ੍ਰੇਤਾ ਅਤੇ ਦਵਾਪਰ ਦੇ ਸੰਗਮ ਤੇ। ਹੁਣ ਉਸ ਸੰਗਮ ਨੂੰ ਕਲਿਆਣਕਾਰੀ ਨਹੀਂ ਕਹਾਂਗੇ। ਉਸਨੂੰ ਤਾਂ ਅਕਲਿਆਣਕਾਰੀ ਹੀ ਕਹਾਂਗੇ। ਬਾਪ ਦਾ ਹੀ ਨਾਮ ਕਲਿਆਣਕਾਰੀ ਹੈ। ਦਵਾਪਰ ਤੋਂ ਅਕਲਿਆਣਕਾਰੀ ਯੁੱਗ ਸ਼ੁਰੂ ਹੁੰਦਾ ਹੈ। ਬਾਪ ਤਾਂ ਹੈ ਚੇਤਨਯ ਬੀਜਰੂਪ। ਉਸਨੂੰ ਸਾਰੇ ਝਾੜ ਦੀ ਨਾਲੇਜ਼ ਹੈ। ਉਹ ਬੀਜ਼ ਜੇਕਰ ਚੇਤੰਨ ਹੋਵੇ ਤਾਂ ਸਮਝਾਵੇ - ਮੇਰੇ ਤੋਂ ਇਹ ਝਾੜ ਇੰਵੇਂ ਨਿਕਲਦਾ ਹੈ। ਪਰ ਜੜ ਹੋਣ ਦੇ ਕਾਰਨ ਦੱਸ ਨਹੀਂ ਸਕਦਾ। ਅਸੀਂ ਸਮਝ ਸਕਦੇ ਹਾਂ ਕਿ ਬੀਜ਼ ਪਾਉਣ ਤੋਂ ਪਹਿਲਾਂ ਝਾੜ ਛੋਟਾ ਜਿਹਾ ਨਿਕਲਦਾ ਹੈ। ਫੇਰ ਵੱਡਾ ਹੋ ਫ਼ਲ ਦੇਣਾ ਸ਼ੁਰੂ ਕਰਦਾ ਹੈ। ਪਰ ਚੇਤੰਨ ਹੀ ਸਭ ਕੁਝ ਦੱਸ ਸਕਦੇ ਹਨ। ਦੁਨੀਆਂ ਵਿੱਚ ਤਾਂ ਅੱਜਕਲ

ਮਨੁੱਖ ਕੀ - ਕੀ ਕਰਦੇ ਰਹਿੰਦੇ ਹਨ। ਇਨਵੇਂਸ਼ਨ ਕੱਢਦੇ ਰਹਿੰਦੇ ਹਨ। ਚੰਦ੍ਰਮਾ ਤੇ ਜਾਣ ਦੀ ਕੋਸ਼ਿਸ਼ ਕਰਦੇ ਹਨ। ਇਹ ਸਭ ਗੱਲਾਂ ਹੁਣ ਤੁਸੀਂ ਸੁਣ ਰਹੇ ਹੋ। ਚੰਦ੍ਰਮਾ ਵੱਲ ਕਿੰਨਾ ਉੱਚਾ ਲੱਖਾਂ ਮਾਇਲਸ ਤੱਕ ਚਲੇ ਜਾਂਦੇ ਹਨ, ਜਾਂਚ ਕਰਨ ਦੇ ਲਈ ਕਿ ਵੇਖੀਏ ਚੰਦ੍ਰਮਾ ਕੀ ਚੀਜ਼ ਹੈ? ਸਮੁੰਦਰ ਵਿੱਚ ਕਿੰਨਾ ਦੂਰ ਤੱਕ ਜਾਂਦੇ ਹਨ, ਜਾਂਚ ਕਰਦੇ ਹਨ, ਪਰ ਅੰਤ ਪਾ ਨਹੀਂ ਸਕਦੇ, ਪਾਣੀ ਹੀ ਪਾਣੀ ਹੈ। ਐਰੋਪਲੇਨ ਵਿੱਚ ਉੱਪਰ ਜਾਂਦੇ ਹਨ, ਉਨ੍ਹਾਂ ਨੂੰ ਪੇਟ੍ਰੋਲ ਇਤਨਾ ਪਾਉਣਾ ਹੈ ਜੋ ਫੇਰ ਵਾਪਿਸ ਵੀ ਆ ਸਕਣ। ਆਕਾਸ਼ ਬੇਹੱਦ ਹੈ ਨਾ, ਸਾਗਰ ਵੀ ਬੇਹੱਦ ਹੈ। ਜਿਵੇਂ ਇਹ ਬੇਹੱਦ ਦਾ ਗਿਆਨ ਸਾਗਰ ਹੈ, ਉਹ ਹੈ ਪਾਣੀ ਦਾ ਬੇਹੱਦ ਦਾ ਸਾਗਰ। ਆਕਾਸ਼ ਤਤ੍ਵ ਵੀ ਬੇਹੱਦ ਹੈ। ਧਰਤੀ ਵੀ ਬੇਹੱਦ ਹੈ, ਤੁਰਦੇ ਜਾਓ। ਸਾਗਰ ਦੇ ਥੱਲੇ ਫੇਰ ਧਰਤੀ ਹੈ। ਪਹਾੜੀ ਕਿਸ ਤੇ ਖੜੀ ਹੈ। ਧਰਤੀ ਤੇ। ਫੇਰ ਧਰਤੀ ਨੂੰ ਪੁੱਟਦੇ ਹਨ ਤਾਂ ਪਹਾੜ ਨਿਕਲ ਆਉਂਦਾ, ਉਸਦੇ ਥੱਲੇ ਫੇਰ ਪਾਣੀ ਵੀ ਨਿਕਲ ਆਉਂਦਾ ਹੈ। ਸਾਗਰ ਵੀ ਧਰਤੀ ਤੇ ਹੈ। ਉਸਦਾ ਕੋਈ ਅੰਤ ਨਹੀ ਪਾ ਸਕਦੇ ਹਨ ਕਿ ਕਿੱਥੋਂ ਤੱਕ ਪਾਣੀ ਹੈ, ਕਿੱਥੋਂ ਤੱਕ ਧਰਤੀ ਹੈ? ਪਰਮਪਿਤਾ ਪ੍ਰਮਾਤਮਾ ਜੋ ਬੇਹੱਦ ਦਾ ਬਾਪ ਹੈ, ਉਸਦੇ ਲਈ ਬੇਅੰਤ ਨਹੀਂ ਕਹਿਣਗੇ। ਮਨੁੱਖ ਭਾਵੇਂ ਕਹਿੰਦੇ ਹਨ ਈਸ਼ਵਰ ਬੇਅੰਤ ਹੈ, ਮਾਇਆ ਵੀ ਬੇਅੰਤ ਹੈ। ਪਰ ਤੁਸੀਂ ਸਮਝਦੇ ਹੋ ਈਸ਼ਵਰ ਤਾਂ ਬੇਅੰਤ ਹੋ ਨਹੀਂ ਸਕਦਾ। ਬਾਕੀ ਇਹ ਆਕਾਸ਼ ਬੇਅੰਤ ਹੈ। ਇਹ 5 ਤਤ੍ਵ ਹਨ, ਆਕਾਸ਼, ਵਾਯੂ… ਇਹ ਤਤ੍ਵ ਤਮੋਪ੍ਰਧਾਨ ਬਣ ਜਾਂਦੇ ਹਨ। ਆਤਮਾ ਵੀ ਤਮੋਪ੍ਰਧਾਨ ਬਣਦੀ ਹੈ ਫੇਰ ਬਾਪ ਆਕੇ ਸਤੋਪ੍ਰਧਾਨ ਬਣਾਉਂਦੇ ਹਨ। ਕਿੰਨੀ ਛੋਟੀ ਆਤਮਾ ਹੈ, 84 ਜਨਮ ਭੋਗਦੀ ਹੈ। ਇਹ ਚੱਕਰ ਫ਼ਿਰਦਾ ਹੀ ਰਹਿੰਦਾ ਹੈ। ਇਹ ਅਨਾਦਿ ਨਾਟਕ ਹੈ, ਇਸਦਾ ਅੰਤ ਨਹੀਂ ਹੁੰਦਾ। ਇਹ ਪਰਮ੍ਪਰਾ ਤੋਂ ਚੱਲਦਾ ਆਉਂਦਾ ਹੈ। ਕਦੋਂ ਤੋਂ ਸ਼ੁਰੂ ਹੋਇਆ - ਇਹ ਕਹੀਏ ਤਾ ਫੇਰ ਅੰਤ ਵੀ ਹੋਵੇ। ਬਾਕੀ ਇਹ ਗੱਲ ਸਮਝਾਉਣੀ ਹੈ - ਕਦੋਂ ਤੋਂ ਨਵੀਂ ਦੁਨੀਆਂ ਸ਼ੁਰੂ ਹੁੰਦੀ ਹੈ। ਫੇਰ ਪੁਰਾਣੀ ਹੁੰਦੀ ਹੈ। ਇਹ 5 ਹਜ਼ਾਰ ਵਰ੍ਹੇ ਦਾ ਚੱਕਰ ਹੈ ਜੋ ਫ਼ਿਰਦਾ ਰਹਿੰਦਾ ਹੈ। ਹੁਣ ਤੁਸੀਂ ਜਾਣਦੇ ਹੋ, ਬਾਕੀ ਉਨ੍ਹਾਂ ਨੇ ਤਾਂ ਧੂਕਕਾ (ਗਪੌੜਾਂ) ਲਾ ਦਿੰਦੇ ਹਨ। ਸ਼ਾਸਤ੍ਰ ਵਿੱਚ ਲਿਖਿਆ ਹੈ ਕਿ ਕਦੋਂ ਆਕੇ ਆਪਣਾ ਪਰਿਚੈ ਦੇਣਗੇ। ਸਤਿਯੁਗ ਦੀ ਉਮਰ ਇਨ੍ਹੇ ਲੱਖਾਂ ਵਰ੍ਹੇ ਹੈ। ਤੇ ਮਨੁੱਖ ਸੁਣਦੇ - ਸੁਣਦੇ ਉਨ੍ਹਾਂ ਨੂੰ ਹੀ ਸੱਚ ਸਮਝ ਲੈਂਦੇ ਹਨ। ਇਹ ਪਤਾ ਨਹੀਂ ਪੈਂਦਾ ਭਗਵਾਨ ਕਦੋਂ ਆਕੇ ਆਪਣਾ ਪਰਿਚੈ ਦੇਣਗੇ। ਨਾ ਜਾਨਣ ਦੇ ਕਾਰਨ ਕਹਿ ਦੇਂਦੇ ਹਨ ਕਲਯੁੱਗ ਦੀ ਉਮਰ 40 ਹਜ਼ਾਰ ਵਰ੍ਹੇ ਹਾਲੇ ਪਈ ਹੈ। ਜਦੋਂ ਤੱਕ ਤੁਸੀਂ ਨਾ ਸਮਝਾਓ। ਹੁਣ ਤੁਸੀਂ ਨਿਮਿਤ ਹੋ ਸਮਝਾਉਣ ਦੇ ਲਈ ਕਿ ਕਲਪ 5 ਹਜ਼ਾਰ ਵਰ੍ਹੇ ਦਾ ਹੈ, ਨਾ ਕਿ ਲੱਖਾਂ ਵਰ੍ਹੇ ਦਾ ਹੈ।

ਭਗਤੀ ਮਾਰ੍ਗ ਦੀ ਕਿੰਨੀ ਸਮਗ੍ਰੀ ਹੈ, ਮਨੁੱਖਾਂ ਕੋਲ਼ ਪੈਸਾ ਹੁੰਦਾ ਹੈ ਤਾਂ ਫੇਰ ਖ਼ਰਚਾ ਕਰਦੇ ਹਨ। ਬਾਪ ਕਹਿੰਦੇ ਹਨ ਮੈਂ ਤੁਹਾਨੂੰ ਕਿੰਨੇ ਪੈਸੇ ਦੇਕੇ ਜਾਂਦਾ ਹਾਂ! ਬੇਹੱਦ ਦਾ ਬਾਪ ਤਾਂ ਜ਼ਰੂਰ ਬੇਹੱਦ ਦਾ ਵਰਸਾ ਦੇਣਗੇ। ਇਸ ਨਾਲ ਸੁੱਖ ਵੀ ਮਿਲਦਾ ਹੈ, ਉਮਰ ਵੀ ਵੱਡੀ ਹੁੰਦੀ ਹੈ। ਬਾਪ ਬੱਚਿਆਂ ਨੂੰ ਕਹਿੰਦੇ ਹਨ - ਮੇਰੇ ਲਾਡਲੇ ਬੱਚਿਓ, ਆਯੂਸ਼ਮਾਨ ਭਵ। ਉੱਥੇ ਤੁਹਾਡੀ ਉਮਰ 150 ਵਰ੍ਹੇ ਰਹਿੰਦੀ ਹੈ, ਕਦੀ ਕਾਲ ਨਹੀਂ ਖਾ ਸਕਦਾ। ਬਾਪ ਵਰ ਦਿੰਦੇ ਹਨ, ਤੁਹਾਨੂੰ ਆਯੂਸ਼ਮਾਨ ਬਣਾਉਂਦੇ ਹਨ। ਤੁਸੀਂ ਅਮਰ ਬਣੋਗੇ। ਉੱਥੇ ਕਦੀ ਅਕਾਲੇ ਮ੍ਰਿਤੂ ਨਹੀਂ ਹੋਏਗੀ। ਉੱਥੇ ਤੁਸੀਂ ਬਹੁਤ ਸੁੱਖੀ ਰਹਿੰਦੇ ਹੋ ਇਸਲਈ ਕਿਹਾ ਜਾਂਦਾ ਹੈ ਸੁੱਖਧਾਮ। ਉਮਰ ਵੀ ਵੱਡੀ ਹੁੰਦੀ, ਧੰਨ ਵੀ ਬਹੁਤ ਮਿਲਦਾ ਹੈ, ਸੁੱਖੀ ਵੀ ਬਹੁਤ ਰਹਿੰਦੇ ਹੋ। ਕੰਗਾਲ ਤੋਂ ਸਿਰਤਾਜ਼ ਬਣ ਜਾਂਦੇ ਹੋ। ਤੁਹਾਡੀ ਬੁੱਧੀ ਵਿੱਚ ਹੈ - ਬਾਪ ਆਉਂਦੇ ਹਨ ਦੇਵੀ - ਦੇਵਤਾ ਧਰਮ ਦੀ ਸਥਾਪਨਾ ਕਰਨ। ਉਹ ਤਾਂ ਜ਼ਰੂਰ ਛੋਟਾ ਝਾੜ ਹੋਏਗਾ। ਉੱਥੇ ਹੈ ਹੀ ਇੱਕ ਧਰਮ, ਇੱਕ ਰਾਜ, ਇੱਕ ਭਾਸ਼ਾ। ਉਸਨੂੰ ਹੀ ਕਿਹਾ ਜਾਂਦਾ ਹੈ ਵਿਸ਼ਵ ਵਿੱਚ ਸ਼ਾਂਤੀ। ਸਾਰੇ ਵਿਸ਼ਵ ਵਿੱਚ ਅਸੀਂ ਹੀ ਪਾਰ੍ਧਾਰੀ ਹਾਂ। ਇਹ ਦੁਨੀਆਂ ਨਹੀਂ ਜਾਣਦੀ। ਜੇਕਰ ਜਾਣਦੀ ਹੋਵੇ ਤਾਂ ਦੱਸਦੀ ਕਦੋਂ ਤੋਂ ਅਸੀਂ ਪਾਰ੍ਟ ਵਜਾਉਂਦੇ ਆਏ ਹਾਂ? ਹੁਣ ਤੁਹਾਨੂੰ ਬੱਚਿਆਂ ਨੂੰ ਬਾਪ ਸਮਝਾ ਰਹੇ ਹਨ। ਗੀਤਾ ਵਿੱਚ ਵੀ ਹੈ ਨਾ - ਬਾਬਾ ਕੋਲੋਂ ਜੋ ਮਿਲਦਾ ਹੈ ਜੋ ਹੋਰ ਕਿਸੇ ਕੋਲੋਂ ਨਹੀਂ ਮਿਲਦਾ। ਸਾਰੀ ਧਰਤੀ, ਅਸਮਾਨ, ਸਾਰੇ ਵਿਸ਼ਵ ਦੀ ਰਾਜਧਾਨੀ ਦੇ ਦਿੰਦੇ ਹਨ। ਇਹ ਲਕਸ਼ਮੀ - ਨਾਰਾਇਣ ਵਿਸ਼ਵ ਦੇ ਮਾਲਿਕ ਸੀ ਫੇਰ ਬਾਦ ਵਿੱਚ ਰਾਜਾ ਆਦਿ ਹੁੰਦੇ ਹਨ ਉਹ ਭਾਰਤ ਦੇ ਸਨ। ਗਾਇਨ ਵੀ ਹੈ ਜੋ ਬਾਬਾ ਦਿੰਦੇ ਹਨ, ਉਹ ਹੋਰ ਕੋਈ ਦੇ ਨਾ ਸਕੇ। ਬਾਪ ਹੀ ਆਕੇ ਪ੍ਰਾਪਤੀ ਕਰਾਉਂਦੇ ਹਨ। ਤੇ ਇਹ ਸਾਰਾ ਗਿਆਨ ਵੀ ਬੁੱਧੀ ਵਿੱਚ ਰਹਿਣਾ ਚਾਹੀਦਾ ਜੋ ਕਿ ਕਿਸੇ ਹੋਰ ਨੂੰ ਵੀ ਸਮਝਾ ਸਕੋ। ਐਨਾ ਸਮਝਣ ਦਾ ਹੈ। ਹੁਣ ਸਮਝਾ ਕੌਣ ਸਕਦੇ ਹਨ? ਜੋ ਬੰਧਨਮੁਕਤ ਹੋਣ। ਬਾਬਾ ਦੇ ਕੋਲ ਕੋਈ ਆਉਂਦੇ ਹਨ ਤਾਂ ਪੁੱਛਦੇ ਹਨ - ਕਿੰਨੇ ਬੱਚੇ ਹਨ? ਤੇ ਕਹਿੰਦੇ 5 ਬੱਚੇ ਆਪਣੇ ਹਨ ਅਤੇ ਛੇਵਾਂ ਬੱਚਾ ਸ਼ਿਵਬਾਬਾ ਹਨ ਤੇ ਜ਼ਰੂਰ ਸਭ ਤੋਂ ਵੱਡਾ ਠਹਰਿਆ ਨਾ। ਸ਼ਿਵਬਾਬਾ ਦੇ ਬਣ ਗਏ ਤਾਂ ਫੇਰ ਸ਼ਿਵਬਾਬਾ ਆਪਣਾ ਬੱਚਾ ਬਣਾਏ ਵਿਸ਼ਵ ਦਾ ਮਾਲਿਕ ਬਣਾ ਦਿੰਦੇ ਹਨ। ਬੱਚੇ ਵਾਰਿਸ ਹੋ ਜਾਂਦੇ ਹਨ। ਇਹ ਲਕਸ਼ਮੀ - ਨਾਰਾਇਣ ਸ਼ਿਵਬਾਬਾ ਦੇ ਪੂਰੇ ਵਾਰਿਸ ਹਨ। ਅੱਗੇ ਜਨਮ ਵਿੱਚ ਸ਼ਿਵਬਾਬਾ ਨੂੰ ਸਭ ਕੁਝ ਦੇ ਦਿੱਤਾ। ਤੇ ਵਰਸਾ ਜ਼ਰੂਰ ਬੱਚਿਆਂ ਨੂੰ ਮਿਲਣਾ ਚਾਹੀਦਾ। ਬਾਬਾ ਨੇ ਕਿਹਾ - ਮੈਨੂੰ ਵਾਰਿਸ ਬਣਾਓ ਫੇਰ ਦੂਜਾ ਕੋਈ ਨਹੀਂ। ਕਹਿੰਦੇ - ਬਾਬਾ ਇਹ ਸਭ ਕੁੱਝ ਤੁਹਾਡਾ ਹੈ, ਤੁਹਾਡਾ ਫੇਰ ਸਾਡਾ ਹੈ। ਤੁਸੀਂ ਸਾਨੂੰ ਸਾਰੇ ਵਿਸ਼ਵ ਦੀ ਬਾਦਸ਼ਾਹੀ ਦਿੰਦੇ ਹੋ ਕਿਉਂਕਿ ਤੁਹਾਨੂੰ ਜੋ ਕੁੱਝ ਸੀ ਉਹ ਦੇ ਦਿੱਤਾ। ਡਰਾਮਾਂ ਵਿੱਚ ਨੂੰਧ ਹੈ ਨਾ। ਅਰਜੁਨ ਨੂੰ ਵਿਨਾਸ਼ ਵੀ ਵਿਖਾਇਆ ਤੇ ਚਤੁਰਭੁੱਜ ਵੀ ਵਿਖਾਇਆ। ਅਰਜੁਨ ਕੋਈ ਹੋਰ ਤਾਂ ਨਹੀਂ ਹੈ, ਇਨ੍ਹਾਂ ਨੂੰ ਸਾਖਸ਼ਤਕਾਰ ਹੋਇਆ। ਵੇਖਿਆਂ, ਰਾਜਾਈ ਮਿਲਦੀ ਹੈ ਤਾਂ ਕਿਓ ਨਾ ਸ਼ਿਵਬਾਬਾ ਨੂੰ ਵਾਰਿਸ ਬਣਾਵਾਂ। ਉਹ ਫੇਰ ਸਾਨੂੰ ਵਾਰਿਸ ਬਣਾਉਂਦੇ ਹਨ। ਇਹ ਸੌਦਾ ਤਾਂ ਬਹੁਤ ਚੰਗਾ ਹੈ। ਕਦੀ ਕਿਸੇ ਕੋਲੋਂ ਕੁਝ ਪੁੱਛਿਆ ਨਹੀਂ। ਗੁਪਤ ਸਭ ਕੁਝ ਦਿੱਤਾ। ਇਸਨੂੰ ਕਿਹਾ ਜਾਂਦਾ ਹੈ ਗੁਪਤ ਦਾਨ। ਕਿਸੀ ਨੂੰ ਕਿ ਪਤਾ, ਇਨ੍ਹਾਂ ਨੂੰ ਕਿ ਹੋ ਗਿਆ। ਕਈਆਂ ਨੇ ਸਮਝਿਆ ਇਨ੍ਹਾਂ ਨੂੰ ਵੈਰਾਗ ਆਇਆ, ਸ਼ਾਇਦ ਸੰਨਿਆਸੀ ਬਣ ਗਿਆ। ਤੇ ਇਹ ਬੱਚੀਆਂ ਵੀ ਕਹਿੰਦਿਆਂ ਹਨ - 5 ਬੱਚੇ ਤਾਂ ਆਪਣੇ ਹਨ, ਬਾਕੀ ਇੱਕ ਬੱਚਾ ਇਨ੍ਹਾਂ ਨੂੰ ਬਣਾਵਾਂਗੇ। ਇਸਨੇ ਵੀ ਸਭ ਕੁਝ ਬਾਬਾ ਦੇ ਅੱਗੇ ਰੱਖ ਦਿੱਤਾ, ਜਿਸ ਨਾਲ ਬਹੁਤਿਆਂ ਦੀ ਸਰਵਿਸ ਹੋਵੇ। ਬਾਬਾ ਨੂੰ ਵੇਖ ਸਭਨੂੰ ਖ਼ਿਆਲ ਆਇਆ, ਸਭ ਘਰਬਾਰ ਛੱਡ ਕੇ ਭੱਜ ਆਏ। ਉਥੋਂ ਤੋਂ ਹੀ ਹੰਗਾਮਾ ਸ਼ੁਰੂ ਹੋਇਆ। ਘਰਬਾਰ ਛੱਡਣ ਦੀ ਉਨ੍ਹਾਂ ਨੇ ਹਿੰਮਤ ਵਿਖਾਈ। ਸ਼ਾਸਤ੍ਰਾ ਵਿੱਚ ਵੀ ਲਿਖਿਆ ਹੈ - ਭੱਠੀ ਬਣੀ ਸੀ ਕਿਉਂਕਿ ਉਨ੍ਹਾਂ ਨੂੰ ਏਕਾਂਤ ਜ਼ਰੂਰ ਚਹੀਦਾ। ਸਿਵਾਏ ਬਾਪ ਦੇ ਹੋਰ ਕੋਈ ਯਾਦ ਨਾ ਰਹੇ। ਮਿੱਤਰ -

ਸੰਬੰਧੀਆਂ ਆਦਿ ਦੀ ਵੀ ਯਾਦ ਨਾ ਰਹੇ ਕਿਉਂਕਿ ਆਤਮਾ ਜੋ ਪਤਿਤ ਬਣੀ ਹੈ ਉਸਨੂੰ ਪਾਵਨ ਜ਼ਰੂਰ ਬਣਾਉਣਾ ਹੈ। ਬਾਪ ਕਹਿੰਦੇ ਹਨ ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਪਵਿੱਤਰ ਬਣੋ। ਇਸ ਤੇ ਹੀ ਮੁਸੀਬਤ ਆਉਂਦੀ ਹੈ। ਕਹਿੰਦੇ ਸੀ ਇਹ ਇਸਤ੍ਰੀ - ਪੁਰਸ਼ ਦੇ ਵਿੱਚ ਲੜ੍ਹਾਈ ਪਾਣ ਵਾਲਾ ਗਿਆਨ ਹੈ ਕਿਉਂਕਿ ਇੱਕ ਪਵਿੱਤਰ ਬਣੇ, ਦੂਜਾ ਨਾ ਬਣਨ ਤਾਂ ਮਾਰਾਮਾਰੀ ਚੱਲ ਪੈਂਦੀ। ਇਨ੍ਹਾਂ ਸਭ ਨੇ ਮਾਰ ਖਾਦੀ ਹੈ ਕਿਉਂਕਿ ਅਚਾਨਕ ਨਵੀਂ ਗੱਲ ਹੋਈ ਨਾ। ਸਭ ਅਸ਼ਚਰਿਯਾ ਖਾਣ ਲੱਗੇ, ਇਹ ਕੀ ਹੋਇਆ ਜੋ ਇਨ੍ਹੇ ਸਭ ਭੱਜਦੇ ਹਨ। ਮਨੁੱਖਾਂ ਵਿੱਚ ਸਮਝ ਤਾਂ ਨਹੀਂ ਹੈ। ਇਨਾਂ ਕਹਿੰਦੇ ਸੀ - ਕੋਈ ਤਾਕ਼ਤ ਹੈ! ਇੰਵੇਂ ਤਾਂ ਕਦੀ ਹੋਇਆ ਨਹੀਂ ਜੋ ਆਪਣਾ ਘਰਬਾਰ ਛੱਡ ਭੱਜਣ। ਡਰਾਮਾਂ ਵਿੱਚ ਇਹ ਸਭ ਚਰਿਤ੍ਰ ਸ਼ਿਵਬਾਬਾ ਦੇ ਹਨ। ਕੋਈ ਹੱਥ ਖਾਲੀ ਭੱਜੇ, ਇਹ ਵੀ ਖੇਡ ਹੈ। ਘਰਬਾਰ ਆਦਿ ਸਭ ਛੱਡ ਭੱਜੇ, ਕੁਝ ਵੀ ਯਾਦ ਨਹੀਂ ਰਿਹਾ। ਬਾਕੀ ਸਿਰਫ਼ ਸ਼ਰੀਰ ਹੈ, ਜਿਸ ਨਾਲ ਕੰਮ ਕਰਨਾ ਹੈ। ਆਤਮਾ ਨੂੰ ਵੀ ਯਾਦ ਦੀ ਯਾਤਰਾ ਨਾਲ ਪਵਿੱਤਰ ਬਣਨਾ ਹੈ, ਤਾਂ ਹੀ ਪਵਿੱਤਰ ਆਤਮਾਵਾਂ ਵਾਪਿਸ ਜਾ ਸਕਦੀਆਂ ਹਨ। ਸ੍ਵਰਗ ਵਿੱਚ ਅਪਵਿੱਤਰ ਆਤਮਾ ਤਾਂ ਜਾ ਨਾ ਸਕੇ। ਕ਼ਾਇਦਾ ਨਹੀਂ ਹੈ। ਮੁਕਤੀਧਾਮ ਵਿੱਚ ਪਵਿੱਤਰ ਹੀ ਚਾਹੀਦੇ ਹਨ। ਪਵਿੱਤਰ ਬਣਨ ਵਿੱਚ ਹੀ ਕਿੰਨੇ ਵਿਘਨ ਪੈਂਦੇ ਹਨ। ਅੱਗੇ ਕੋਈ ਸਤਿਸੰਗ ਆਦਿ ਵਿੱਚ ਜਾਣ ਦੇ ਲਈ ਰੁਕਾਵਟ ਥੋੜੀ ਹੀ ਹੁੰਦੀ ਸੀ। ਕਿੱਥੇ ਵੀ ਚੱਲ ਜਾਂਦੇ ਸੀ। ਇੱਥੇ ਪਵਿੱਤਰਤਾ ਦੇ ਕਾਰਨ ਵਿਘਨ ਪੈਂਦੇ ਹਨ। ਇਹ ਤਾਂ ਸਮਝਦੇ ਹਨ - ਪਵਿੱਤਰ ਬਣੇ ਬਗ਼ੈਰ ਵਾਪਿਸ ਘਰ ਜਾ ਨਾ ਸਕਣ। ਧਰਮਰਾਜ ਦੁਵਾਰਾ ਮੋਚਰੇ (ਸਜ਼ਾਵਾਂ) ਖਾਣੀਆਂ ਪੈਣਗੀਆਂ। ਫੇਰ ਥੋੜੀ ਜਿਹੀ ਮਾਣੀ ਮਿਲੇਗੀ। ਮੋਚਰਾ ਨਹੀਂ ਖਾਓਗੇ ਤਾਂ ਪੱਦ ਵੀ ਚੰਗਾ ਮਿਲੇਗਾ। ਇਹ ਸਮਝ ਦੀ ਗੱਲ ਹੈ। ਬਾਪ ਕਹਿੰਦੇ ਹਨ - ਮਿੱਠੇ ਬੱਚਿਓ, ਤੁਹਾਨੂੰ ਮੇਰੇ ਕੋਲ ਆਉਣਾ ਹੈ। ਇਹ ਪੁਰਾਣਾ ਸ਼ਰੀਰ ਛੱਡ ਪਵਿੱਤਰ ਆਤਮਾ ਬਣ ਆਉਣਾ ਹੈ। ਫੇਰ ਜਦੋਂ 5 ਤਤ੍ਵ ਸਤੋਪ੍ਰਧਾਨ ਨਵੇਂ ਹੋ ਜਾਣਗੇ ਫਿਰ ਤੁਹਾਨੂੰ ਸ਼ਰੀਰ ਨਵੇਂ ਸਤੋਪ੍ਰਧਾਨ ਮਿਲਣਗੇ। ਸਾਰੇ ਉਥਲ - ਪਾਥਲ ਹੋ ਨਵੇਂ ਬਣ ਜਾਣਗੇ। ਜਿਵੇਂ ਬਾਬਾ ਇਨ੍ਹਾਂ ਵਿੱਚ ਆਕੇ ਬੈਠਦੇ ਹਨ, ਉਵੇਂ ਆਤਮਾ ਬਗ਼ੈਰ ਕੋਈ ਤਕਲੀਫ਼ ਗਰ੍ਭ ਮਹਿਲ ਵਿੱਚ ਜਾਕੇ ਬੈਠੇਗੀ। ਫੇਰ ਜਦੋਂ ਵਕ਼ਤ ਹੁੰਦਾ ਹੈ ਤਾਂ ਬਾਹਰ ਆ ਜਾਂਦੀ ਹੈ ਤੇ ਜਿਵੇਂ ਬਿੱਜਲੀ ਚਮਕ ਜਾਂਦੀ ਹੈ ਕਿਉਂਕਿ ਆਤਮਾ ਪਵਿੱਤਰ ਹੈ। ਇਹ ਸਭ ਡਰਾਮਾਂ ਵਿੱਚ ਨੂੰਧ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਤਮਾ ਨੂੰ ਪਾਵਨ ਬਨਾਉਣ ਲਈ ਏਕਾਂਤ ਦੀ ਭੱਠੀ ਵਿੱਚ ਰਹਿਣਾ ਹੈ। ਇੱਕ ਬਾਪ ਦੇ ਸਿਵਾਏ ਦੂਜਾ ਕੋਈ ਵੀ ਮਿੱਤਰ - ਸੰਬੰਧੀ ਯਾਦ ਨਾ ਆਏ।

2. ਬੁੱਧੀ ਵਿੱਚ ਸਾਰਾ ਗਿਆਨ ਰੱਖ, ਬੰਧਨਮੁਕਤ ਬਣ ਦੂਜਿਆਂ ਦੀ ਸਰਵਿਸ ਕਰਨੀ ਹੈ। ਬਾਪ ਨਾਲ ਸੱਚਾ ਸੌਦਾ ਕਰਨਾ ਹੈ। ਜਿਵੇਂ ਬਾਪ ਨੇ ਸਭ ਕੁੱਝ ਗੁਪਤ ਕਿੱਤਾ, ਇੰਵੇਂ ਗੁਪਤ ਦਾਨ ਕਰਨਾ ਹੈ।

ਵਰਦਾਨ:- ਮਾਇਆ ਦੇ ਵਿਕਰਾਲ ਰੂਪ ਦੇ ਖੇਲ ਨੂੰ ਸਾਕਸ਼ੀ ਦੇਖਣ ਵਾਲੇ ਮਾਇਆਜਿੱਤ ਭਵ

ਮਾਇਆ ਨੂੰ ਵੈਲਕਮ ਕਰਨ ਵਾਲੇ ਉਸਦੇ ਵਿਕਰਾਲ ਰੂਪ ਨੂੰ ਦੇਖਕੇ ਘਬਰਾਉਂਦੇ ਨਹੀਂ । ਸਾਕਸ਼ੀ ਹੋਕੇ ਖੇਡ ਦੇਖਣ ਵਿੱਚ ਮਜ਼ਾ ਆਉਂਦਾ ਹੈ ਕਿਉਂਕਿ ਮਾਇਆ ਦਾ ਬਾਹਰ ਤੋਂ ਸ਼ੇਰ ਦਾ ਰੂਪ ਹੈ ਪਰ ਉਸ ਵਿੱਚ ਤਾਕਤ ਬਿੱਲੀ ਜਿੰਨੀ ਵੀ ਨਹੀਂ ਹੈ। ਸਿਰਫ਼ ਤੁਸੀਂ ਘਬਰਾਕੇ ਉਸਨੂੰ ਵੱਡਾ ਬਣਾ ਦਿੰਦੇ ਹੋ - ਕੀ ਕਤਾਂ… ਕਿਵੇਂ ਹੋਵੇਗਾ …ਪਰ ਇਹ ਹੀ ਪਾਠ ਯਾਦ ਰੱਖੋ ਜੋ ਹੋ ਰਿਹਾ ਹੈ ਉਹ ਚੰਗਾ ਅਤੇ ਜੋ ਹੋਣ ਵਾਲਾ ਹੈ ਉਹ ਹੋਰ ਚੰਗਾ। ਸਾਕਸ਼ੀ ਹੋਕੇ ਖੇਡ ਦੇਖੋ ਤਾਂ ਮਾਇਆਜਿੱਤ ਬਣ ਜਾਓਗੇ।

ਸਲੋਗਨ:- ਜੋ ਸਹਿਣਸ਼ੀਲ ਹਨ ਉਹ ਕਿਸੇ ਦੇ ਭਾਵ -ਸੁਭਾਵ ਵਿੱਚ ਜਲਦੇ ਨਹੀਂ, ਵਿਅਰਥ ਗੱਲਾਂ ਨੂੰ ਇੱਕ ਕੰਨ ਤੋਂ ਸੁਣ ਦੂਸਰੇ ਤੋਂ ਕੱਢ ਦਿੰਦੇ ਹਨ।

******